# ਭੂਮਿਕਾ

ਜੈਨ ਧਰਮ ਵਿੱਚ ਤੱਪ ਤੇ ਤਿਆਗ ਦਾ ਮਹੱਤਵਪੂਰਨ ਸਥਾਨ ਹੈ। ਤਿਆਗ ਲਈ ਵੈਰਾਗ ਹੋਣਾ ਅਤਿ ਜ਼ਰੂਰੀ ਹੈ। ਇਸੇ ਵੈਰਾਗ ਦਾ ਦੂਸਰਾ ਨਾਂ ਸੰਵੇਗ ਹੈ। ਵੈਰਾਗ ਪ੍ਰਾਪਤ ਕਰਨ ਵਿੱਚ ਸਹਾਇਕ ਅਤੇ ਸੰਵੇਗ ਲਿਆਉਣ ਵਾਲੇ ਧਿਆਨ ਨੂੰ ਪ੍ਰਾਪਤ ਹੋਣ ਵਾਲੀ ਅਵਸਥਾ ਸਮਿਅੱਕਤਵ ਦਾ ਮਹੱਤਵਪੂਰਨ ਅੰਗ ਹੈ ਵੈਰਾਗ। ਸਮਿਅੱਕਤਵ ਤੋਂ ਬਿਨ੍ਹਾਂ ਜੀਵਨ ਅਧੂਰਾ ਹੈ, ਚਾਹੇ ਸਾਧੂ ਹੋਵੇ ਚਾਹੇ ਗ੍ਰਹਿਸਥ ਜੈਨ ਧਰਮ ਵਿੱਚ ਦੋਹਾਂ ਲਈ ਤਿਆਗ ਦਾ ਮਹੱਤਵਪੂਰਨ ਸਥਾਨ ਹੈ। ਸਮਿਅੱਕਤਵ ਦਾ ਮਹੱਤਵਪੂਰਨ ਅੰਗ ਹੈ ਸਮਿਅੱਕ ਦਰਸ਼ਨ, ਸਮਿਅੱਕ ਦਰਸ਼ਨ ਤੋਂ ਅਰਥ ਹੈ ਸ਼ੁੱਧ ਅਤੇ ਸਹੀ ਸ਼ਰਧਾ। ਤੱਤਵਾਰਥ ਸੂਤਰ ਦੇ ਰਚਿਤਾ ਸ਼੍ਰੀ ਉਮਾਸਵਾਤੀ ਨੇ ਸਮਿਅੱਕ ਦਰਸ਼ਨ, ਸਮਿਅੱਕ ਗਿਆਨ ਅਤੇ ਸਮਿਅੱਕ ਚਰਿਤਰ ਨੂੰ ਮੁਕਤੀ ਦਾ ਮਾਰਗ ਦੱਸੀਆ ਹੈ। ਗਿਆਨ ਅਤੇ ਦਰਸ਼ਨ ਇੱਕਠੇ ਹੁੰਦੇ ਹਨ ਅਤੇ ਚਰਿਤਰ ਰਾਹੀਂ ਗਿਆਨ ਦਰਸ਼ਨ ਤੇ ਚੱਲਿਆ ਜਾਂਦਾ ਹੈ।

ਪਰਾਤਨ ਕਾਲ ਤੋਂ ਹੀ ਜੈਨ ਧਰਮ ਵਿੱਚ ਤਿਆਗ ਨੂੰ ਲੈਕੇ ਮਹੱਤਵਪੂਰਨ ਸਾਹਿਤ ਦੀ ਰਚਨਾ ਭਿੰਨ ਭਿੰਨ ਭਾਸ਼ਾਵਾਂ ਵਿੱਚ ਹੁੰਦੀ ਰਹੀ ਹੈ। ਇਸ ਪੁਸ਼ਤਕ ਵਿੱਚ ਵਿਦਵਾਨ ਅਚਾਰਿਆ ਨੇ ਸੰਸਕ੍ਰਿਤ ਭਾਸ਼ਾ ਵਿੱਚ 50 ਸਲੋਕਾਂ ਰਾਹੀਂ ਤਿਆਗ ਦਾ ਮਹੱਤਵ ਸਮਝਾਇਆ ਹੈ ਅਤੇ ਆਤਮਾ ਨੂੰ ਸੰਬੋਧਿਤ ਕਰਕੇ ਭਿੰਨ ਭਿੰਨ ਛੰਦ ਅਲ਼ੰਕਾਰਾਂ ਰਾਹੀਂ ਅਪਣੇ ਮਹੱਤਵਪੂਰਨ ਵਿਚਾਰ ਇਹਨਾਂ ਸ਼ਲੋਕਾਂ ਵਿੱਚ ਪ੍ਰਗਟ ਕੀਤੇ ਹਨ। ਇਸ ਵਿੱਚ ਸੰਸਾਰ ਦਾ ਸਵਰੂਪ ਬਹੁਤ ਬਾਰੀਕੀ ਨਾਲ ਸਮਝਾ ਕੇ ਮਨੁੱਖ ਨੂੰ ਤਿਆਗ ਵੱਲ ਵੱਧਨ ਦੀ ਪ੍ਰੇਰਨਾ ਦਿਤੀ ਗਈ ਹੈ।

## ਰਚਨਾਕਾਰ ਬਾਰੇ:

ਇਸ ਛੋਟੇ ਜਿਹੇ ਗ੍ਰੰਥ ਵਿੱਚ ਗ੍ਰੰਥਕਾਰ ਪਾਠਕਾਂ ਨੂੰ ਅੰਤਮ ਸ਼ਲੋਕ ਵਿੱਚ ਪ੍ਰੇਰਨਾ ਦਿੰਦੇ ਹੋਏ ਆਖਦਾ ਹੈ, ਕਿ ਹੇ ਪਾਠਕੋ! ਜੇ ਤੁਸੀਂ ਮੋਕਸ਼ ਮਾਰਗ ਵਿੱਚ ਜਾਣ ਦੀ ਇੱਛਾ ਰੱਖਦੇ ਹੋ, ਜੇ ਤੁਸੀਂ ਸੰਤੋਖ ਦਾ ਸੁੱਖ ਪ੍ਰਾਪਤ ਕਰਨ ਦੀ ਇੱਛਾ

ਰੱਖਦੇ ਹੋ, ਵਿਸ਼ੇਆਂ ਦੇ ਪ੍ਰਤੀ ਦਵੇਸ਼ ਰੱਖਦੇ ਹੋ, ਵੈਰਾਗ ਕਣਰਨ ਆਤਮ ਪ੍ਰੇਮ ਉੱਤਪਨ ਹੋ ਰਿਹਾ ਹੈ, ਤਾਂ ਮੇਰੀ ਤੁਹਾਨੂੰ ਹੱਥ ਜੋੜਕੇ ਬੇਨਤੀ ਹੈ ਕਿ ਚੰਦਰਮਾਂ ਤੋਂ ਵੀ ਉਜੱਵਲ ਅਤੇ ਕਮਲ ਦੇ ਗਰਭ ਤੋਂ ਵੀ ਜ਼ਿਆਦਾ ਕੋਮਲ ਇਸ ਸੰਵੇਗ ਦਰੁਮ ਕੰਧਲੀ ਗ੍ਰੰਥ ਨੂੰ ਚੰਗੀ ਤਰ੍ਹਾਂ ਪੜ੍ਹੋ।

ਇਸ ਸ਼ਲੋਕ ਵਿੱਚ ਲੇਖਕ ਦੀ ਵਿਨਮਰਤਾ ਅਤੇ ਗਿਆਨ ਸਪਸ਼ਟ ਝਲਕਦਾ ਹੈ। ਇਹ ਕਾਫੀ ਪ੍ਰਾਚੀਨ ਗ੍ਰੰਥ ਹੈ, ਗ੍ਰੰਥਕਾਰ ਨੇ ਇਸਦਾ ਸਮਾਂ ਵਰਨਣ ਨਹੀਂ ਕੀਤਾ। ਪਰ ਗ੍ਰੰਥਕਾਰ ਨੇ ਅਪਣਾ ਸੰਖੇਪ ਪਰਿਚੈ ਇਸ ਪ੍ਰਕਾਰ ਦਿੱਤਾ ਹੈ: **ਸ਼੍ਰੀ ਚੱਕਰੇਸ਼ ਸੂਰੀ** ਦੇ ਮਨ ਰੂਪੀ ਸਰੋਵਰ ਵਿੱਚ ਹੰਸ ਰੂਪ **ਸ਼੍ਰੀ ਵਿਮਲ ਅਚਾਰਿਆ** ਜਿਨ੍ਹਾਂ ਦਾ ਦੂਸਰਾ ਨਾਂ **ਸ਼੍ਰੀ ਬ੍ਰਹਮ ਚੰਦਰ** ਪ੍ਰਸ਼ਿੱਧ ਹੈ। ਸੱਜਣਾ ਦੇ ਦੁੱਖ ਰੂਪੀ ਚੰਦਰ ਵਿਕਾਸੀ ਕਮਲ ਦਾ ਨਾਸ਼ ਕਰਨ ਲਈ ਸੂਰਜ ਦੇ ਸਮਾਨ, ਰਵੀ ਨਾਂ ਦੇ ਉਪਾਸਕ ਦੇ ਉਤਸਾਹਿਤ ਕਰਨ ਤੇ ਇਹ 50 ਸ਼ਲੋਕਾਂ ਦੇ ਗ੍ਰੰਥ ਦੀ ਰਚਨਾ ਕੀਤੀ ਹੈ। ਸਪਸ਼ਟ ਹੈ ਕੀ ਸ਼੍ਰੀ ਵਿਮਲ ਅਚਾਰਿਆ ਸ਼੍ਰੀ ਚੱਕਰੇਸ਼ ਸੂਰੀ ਦੇ ਵਿਦਵਾਨ ਚੇਲੇ ਸਨ। ਉਹਨਾਂ ਦਾ ਘਰੇਲੂ ਨਾਂ ਸ਼੍ਰੀ ਬ੍ਰਹਮ ਚੰਦਰ ਸੀ ਜੋ ਕਾਫੀ ਪ੍ਰਸ਼ਿੱਧ ਸੀ। ਅਪਣੇ ਇੱਕ ਉਪਾਸ਼ਕ ਜਿਸ ਦਾ ਨਾਂ **ਰਵੀ** ਸੀ, ਉਸ ਦੀ ਪ੍ਰੇਰਨਾ ਨਾਲ ਇਸ ਗ੍ਰੰਥ ਦੀ ਰਚਨਾ ਸੰਸਕ੍ਰਿਤ ਭਾਸ਼ਾ ਵਿੱਚ ਕੀਤੀ। ਸ਼ਲੋਕਾਂ ਤੋਂ ਜਾਪਦਾ ਹੈ ਕਿ ਲੇਖਕ ਸੰਸਕ੍ਰਿਤ ਦਾ ਚੰਗਾ ਜਾਨਕਾਰ ਕਵੀ ਹੋਵੇਗਾ।

ਕੁੱਝ ਸਮਾਂ ਪਹਿਲਾਂ ਅਸੀਂ ਇਸ ਛੋਟੇ ਪਰ ਮਹਾਨ ਗ੍ਰੰਥ ਦਾ ਪੰਜਾਬੀ ਅਨੁਵਾਦ ਇਸ ਦੀ ਮਹੱਤਤਾ ਸਮਝਦੇ ਹੋਏ ਕੀਤਾ ਸੀ। ਅੱਜ ਇਸ ਦਾ ਪੰਜਾਬੀ ਅਨੁਵਾਦ ਹੋਣ ਤੇ ਅਸੀਂ ਖੁਸ਼ੀ ਅਨੁਭਵ ਕਰਦੇ ਹਾਂ।

## ਧੰਨਵਾਦ:

ਅਸੀਂ ਸ਼੍ਰੀ ਵਿਨੋਦ ਦਰਿਆਪੁਰ ਇੰਚਾਰਜ ਜੈਨ ਵਰਲਡ ਦੇ ਵੀ ਧੰਨਵਾਦੀ ਹਾਂ ਕਿ ਜਿਹਨਾਂ ਪੰਜਾਬੀ ਜੈਨ ਸਾਹਿਤ ਨੂੰ ਅਪਣੀ ਵੈਬ ਸਾਇਟ ਤੇ ਯੋਗ ਸਥਾਨ ਦਿਤਾ ਹੈ ਜਿਸ ਰਾਹੀਂ ਪੰਜਾਬੀ ਜੈਨ ਸਾਹਿਤ ਆਮ ਲੋਕਾਂ ਤੱਕ ਪਹੁੰਚ ਸਕਿਆ ਹੈ। ਅਸੀਂ ਸੁਨੀਲ ਦੇਸ਼ ਮਣੀ ਸ਼ੋਲਾਪੁਰ ਦੇ ਸਹਿਯੋਗ ਲਈ ਵੀ ਧੰਨਵਾਦੀ ਹਾਂ।

ਅਸੀਂ ਅਪਣੇ ਛੋਟੇ ਵੀਰ *ਸ਼੍ਰੀ ਮੁਹੰਮਦ ਸ਼ੱਬੀਰ (ਜ਼ੂਨੈਰ੍ਹਾ ਕੰਪਿਊਟਰਜ਼, ਮਾਲੇਰਕੋਟਲਾ)* ਦੇ ਵੀ ਧੰਨਵਾਦੀ ਹਾਂ ਜਿਹਨਾਂ ਅਪਣਾ ਵਿਸ਼ੇਸ਼ ਧਿਆਨ ਅਤੇ ਸਹਿਯੋਗ ਇਸ ਪ੍ਰਕਾਸ਼ਨ ਵਿੱਚ ਦਿੱਤਾ ਹੈ।

ਆਸ਼ੀਰਵਾਦ:

ਸਾਨੂੰ ਪੰਜਾਬੀ ਜੈਨ ਸਾਹਿਤ ਲਈ ਆਚਾਰਿਆ ਸ਼੍ਰੀ ਆਨੰਦ ਰਿਸ਼ੀ ਜੀ, ਆਚਾਰਿਆ ਸ਼੍ਰੀ ਦੇਵੰਦਰ ਮੁਨੀ ਜੀ, ਆਚਾਰਿਆ ਸ਼੍ਰੀ ਸ਼ੁਸ਼ੀਲ ਕੁਮਾਰ ਜੀ, ਆਚਾਰਿਆ ਸ਼੍ਰੀ ਤੁਲਸੀ ਜੀ, ਆਚਾਰਿਆ ਸ਼੍ਰੀ ਮਹਾਂ ਪ੍ਰਗੀਆ ਜੀ, ਆਚਾਰਿਆ ਸ਼੍ਰੀ ਵਿਜੈਇੰਦਰ ਦਿਨ ਸੂਰੀ, ਆਚਾਰਿਆ ਸ਼੍ਰੀ ਨਿਤਿੱਆ ਨੰਦ ਸੂਰੀ ਜੀ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰਿਆ ਡਾ: ਸ਼ਿਵ ਮੁਨੀ ਜੀ ਦੇ ਆਸ਼ੀਰਵਾਦ ਪ੍ਰਾਪਤ ਰਹੇ ਹਨ। ਇਸ ਤੋਂ ਛੁਟ ਆਚਾਰਿਆ ਮਹਾਂ ਪ੍ਰਗੀਆ ਦੇ ਚੈਲੇ ਸਵਰਗੀ ਸ਼੍ਰੀ ਵਰਧਮਾਨ ਜੀ ਅਤੇ ਸ਼੍ਰੀ ਜੈ ਚੰਦ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਸਾਧਵੀਆਂ ਵਿੱਚ ਪੰਜਾਬੀ ਜੈਨ ਸਾਹਿਤ ਪ੍ਰੇਰਿਕਾ ਜੈਨ ਜਯੋਤੀ ਉਪ ਪ੍ਰਵਰਤਨੀ ਸੰਥਾਰਾ ਸਾਧਿਕਾ ਸ਼੍ਰੀ ਸ਼ਵਰਨਕਾਂਤਾ ਜੀ ਮਹਾਰਾਜ, ਉਹਨਾਂ ਦੀ ਵਿਦਵਾਨ ਚੇਲੀ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ ਅਤੇ ਆਚਾਰਿਆ ਸਾਧਵੀ ਡਾ: ਸਾਧਨਾ ਜੀ ਦੇ ਆਸ਼ੀਰਵਾਦ ਪ੍ਰਾਪਤ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹਨਾਂ ਦਾ ਆਸ਼ਿਰਵਾਦ ਬਣਿਆ ਰਹੇਗਾ।

ਸ਼ੁਭ ਚਿੰਤਕ:

31/03/2009 ਪੁਰਸ਼ੋਤਮ ਜੈਨ, ਰਵਿੰਦਰ ਜੈਨ

ਮੰਡੀ ਗੋਬਿੰਦਗੜ੍ਹ ਅਨੁਵਾਦਕ